**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿਖਿਆ ਅਭਿਆਨ ਅਥਾਰਟੀ (ਪੰਜਾਬ)**
**ਐਸ.ਸੀ.ਓ. 104-106,ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ**

---

**ਵੱਲ**

**ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿ.),**
**ਸਮੂਹ ਪ੍ਰਿੰਸੀਪਲ,ਜਿਲ੍ਹਾ ਸਿੱਖਿਆ ਸਿਖਲਾਈ ਸੰਸਥਾ,**
**ਪੰਜਾਬ।**

ਮੀਮੋ ਨੰ:- ASPD(HR)/2010/SSA/42644-700

ਮਿਤੀ: ਚੰਡੀਗੜ੍ਹ 18.06.2010

**ਵਿਸ਼ਾ: ਬੀ.ਆਰ.ਪੀ./ਬੀ.ਪੀ.ਈ.ਓ./ਬੀ.ਪੀ.ਸੀ. ਦੀ ਟ੍ਰੇਨਿੰਗ ਸੰਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਪੀ.ਏ.ਬੀ.ਵੱਲੋਂ ਬੀ.ਆਰ.ਪੀ./ਬੀ.ਪੀ.ਈ.ਓ./ਬੀ.ਪੀ.ਸੀ. ਦੀ 10 ਦਿਨਾਂ ਦੀ ਟ੍ਰੇਨਿੰਗ ਦੀ ਮੰਜੂਰੀ ਪ੍ਰਾਪਤ ਹੋਈ ਹੈ,ਜਿਸ ਦੀ ਲਗਾਤਾਰਤਾ ਵਿੱਚ ਮੁਖੱ ਦਫ਼ਤਰ ਵੱਲੋਂ ਮਿਤੀ 21-23 ਜੂਨ,2010 ਨੂੰ ਟ੍ਰੇਨਿੰਗ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

**3.0** ਟ੍ਰੇਨਿੰਗ ਦਾ ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਹੋਵੇਗਾ।

**4.0** ਟ੍ਰੇਨਿੰਗ ਕਰਵਾਉਣ ਲਈ ਪ੍ਰਿੰਸੀਪਲ ਡਾਈਟਜ਼ ਪੜ੍ਹੋ ਪੰਜਾਬ ਕੋਆਰਡੀਨੇਟਰ ਨਾਲ ਵਿਚਾਰ ਕਰਕੇ ਬੀ.ਐਮ.ਟੀਜ਼.(ਰਿਸੋਰਸ ਪਰਸਨ) ਦੀ ਡਿਊਟੀ ਲਗਾਉਣਗੇ ਅਤੇ ਟ੍ਰੇਨਿੰਗ ਦਾ ਸਥਾਨ ਨਿਸ਼ਚਿਤ ਕਰਨਗੇ।

**5.0** ਇਸ ਟ੍ਰੇਨਿੰਗ ਲਈ ਸਮੂਹ ਬੀ.ਆਰ.ਪੀ./ਬੀ.ਪੀ.ਈ.ਓ./ਬੀ.ਪੀ.ਸੀ. ਨੂੰ ਸਮੇਂ ਸਿਰ ਸੂਚਿਤ ਕੀਤਾ ਜਾਵੇ।

**6.0** ਇਸ ਟ੍ਰੇਨਿੰਗ ਦਾ ਸਾਰਾ ਖਰਚਾ ਬੀ.ਆਰ.ਪੀ. ਟ੍ਰੇਨਿੰਗ ਫੰਡ ਵਿੱਚੋਂ ਟੀਚਰ ਟ੍ਰੇਨਿੰਗ ਦੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।

**7.0** ਹਰ ਸੈਂਟਰ ਤੇ ਇੱਕ ਦਰਜਾ ਚਾਰ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ,ਜੋਕਿ ਟ੍ਰੇਨਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਸੈਂਟਰ ਦੀ ਸਫਾਈ ਕਰਨ ਅਤੇ ਪੂਰਾ ਦਿਨ ਪਾਣੀ ਪਿਲਾਉਣ ਦੀ ਡਿਊਟੀ ਤੇ ਰਹਿਣਗੇ।ਬਿਜਲੀ ਨਾ ਹੋਣ ਦੀ ਸੂਰਤ ਵਿੱਚ ਜਨਰੇਟਰ ਦਾ ਪ੍ਰਬੰਧ ਕੀਤਾ ਜਾਵੇ।

**8.0** ਇਸ ਟ੍ਰੇਨਿੰਗ ਵਿੱਚ ਜਿਲ੍ਹੇ ਦੇ ਸਾਰੇ ਬੀ.ਆਰ.ਪੀ./ਬੀ.ਪੀ.ਈ.ਓ./ਬੀ.ਪੀ.ਸੀ.ਦੀ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਗੈਰਹਾਜਰੀ ਦੀ ਸੂਚਨਾ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) ਮੁੱਖ ਦਫ਼ਤਰ ਨੂੰ ਤੁਰੰਤ ਭੇਜਣਗੇ।

**9.0** ਹੁਕਮਾਂ ਦੀ ਇੰਨ ਬਿੰਨ ਪਾਲਨਾ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠ ਅੰਕਣ ਨੰ:** ASPD(HR)/2010/SSA/ **ਮਿਤੀ-**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਸਮੂਹ ਜਿਲ੍ਹਾ ਕੋਆਰਡੀਨੇਟਰ,ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**